200

ਮਾਨਯੋਗ ਸਰਦਾਰ ਆਰ ਆਈ ਸਿੰਘ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ ਜੀ ਦੀ ਪ੍ਰਧਾਨਗੀ ਹੇਠ ਮਿਤੀ 18-02-2009 ਨੂੰ 3-30 ਵਜੇ ਉਹਨਾਂ ਦੇ ਦਫਤਰ ਦੇ ਕਮੇਟੀ ਰੂਮ, ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਪੰਜਵੀ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ,
ਪ੍ਰਮੁੱਖ ਸਕੱਤਰ, ਵਿੱਤ, ਚੰਡੀਗੜ੍ਹ ।

2) ਸ੍ਰੀ ਡੀ ਐਸ ਗੁਰੂ ਆਈ ਏ ਐਸ,
ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ ।

3) ਸ੍ਰੀ ਅਰੁਣ ਗੋਇਲ, ਆਈ ਏ ਐਸ,
ਸਕੱਤਰ, ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ, ਚੰਡੀਗੜ੍ਹ ।

4) ਸ੍ਰੀ ਰਜਿੰਦਰ ਸਰਮਾ,
ਮੁੱਖ ਨਗਰ ਯੋਜਨਾਕਾਰ, ਪੰਜਾਬ, ਚੰਡੀਗੜ੍ਹ ।

5) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ।

ਅਜੰਡੇ ਦੀਆਂ ਮੱਦਾਂ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ :-

<u>ਮੱਦ ਨੰਬਰ 5.01</u>

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਚੌਥੀ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ ।

<u>ਮੱਦ ਨੰਬਰ 5.02</u>

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ(ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਚੌਥੀ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੇ ਵਿਚਾਰ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਨੋਟ ਕੀਤਾ ਗਿਆ ਅਤੇ ਕੀਤੀ ਕਾਰਵਾਈ ਬਾਰੇ ਤਸੱਲੀ ਪ੍ਰਗਟਾਈ ਗਈ ।

Scanned by CamScanner

(21)

**ਮੱਦ ਨੰਬਰ 5.03**
ਸੈਕਟਰ-81 ਦੇ ਖੇਤਰ ਵਿਚ ਅਤੇ ਅਪਰੋਚ ਸੜਕਾਂ ਉੱਤੇ ਮਾਨਯੋਗ ਪ੍ਰਧਾਨ ਮੰਤਰੀ, ਭਾਰਤ ਦੀ ਮਿਤੀ 19-9-2008 ਨੂੰ ਤਜਵੀਜਤ ਯਾਤਰਾ ਕਾਰਨ ਪੰਜਾਬ ਸਰਕਾਰ ਦੇ ਨਿਰਦੇਸਾਂ ਅਨੁਸਾਰ ਗਮਾਡਾ ਦੁਆਰਾ ਕੀਤੇ ਗਏ ਕੰਮਾਂ ਉੱਤੇ ਕੀਤੇ ਖਰਚੇ ਸਬੰਧੀ ।

ਕਾਰਜਕਾਰੀ ਕਮੇਟੀ ਵੱਲੋ ਕਾਰਜ-ਬਾਅਦ ਪ੍ਰਵਾਨਗੀ ਦਿੱਤੀ ਗਈ ।

**ਮੱਦ ਨੰਬਰ 5.04**
**ਐਸ.ਏ.ਐਸ.ਨਗਰ ਵਿਖੇ ਵਿੱਤੀ ਤੌਰ ਤੇ ਕਮਜੋਰ ਵਰਗ ਵਾਸਤੇ ਮਕਾਨਾਂ ਦੀ ਉਸਾਰੀ ਸਬੰਧੀ।**

ਕਾਰਜਕਾਰੀ ਕਮੇਟੀ ਵੱਲੋ ਇੰਜਨਿਰਿੰਗ ਵਿੰਗ ਦੀ ਸਿਫਾਰਸ ਅਨੁਸਾਰ ਇਹਨਾਂ ਮਕਾਨਾਂ ਲਈ ਪ੍ਰਯੋਗਿਕ ਤੋਰ ਤੇ ਮੈਸਕਨ ਤਕਨੋਲਜੀ ਦੀ ਵਰਤੋ ਦੀ ਪ੍ਰਵਾਨਗੀ ਦਿੱਤੀ ਗਈ ।

**ਮੱਦ ਨੰਬਰ 5.05**
**ਰਿਹਾਇਸੀ ਪਲਾਟਾਂ ਦੇ ਰਿਜਰਵ ਰੇਟ ਨਿਰਧਾਰਿਤ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਨੇ ਇਹ ਅਜੰਡਾ ਪਹਿਲਾਂ ਵਿੱਤ ਅਤੇ ਲੇਖਾ ਕਮੇਟੀ ਅੱਗੇ ਪੇਸ ਕਰਨ ਦੇ ਆਦੇਸ ਦਿੱਤੇ ।

**ਮੱਦ ਨੰਬਰ 5.06**
**ਉਦਯੋਗਿਕ ਖੇਤਰ, ਫੇਜ-6 ਵਿਖੇ ਮਿਲਕ ਪਲਾਂਟ ਲਈ ਅਲਾਟ ਕੀਤੀ ਭੋਂ ਸਬੰਧੀ ।**

ਵਿਚਾਰ-ਵਟਾਂਦਰੇ ਉਪਰੰਤ ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਇਹ ਮਿਲਕ ਪਲਾਂਟ ਸਰਕਾਰੀ ਅਦਾਰੇ ਮਿਲਕਫੈਡ ਵੱਲੋ ਚਲਾਇਆ ਜਾ ਰਿਹਾ ਹੈ ਅਤੇ ਇਲਾਕੇ ਅਤੇ ਪੰਜਾਬ ਰਾਜ ਦੇ ਪਬਲਿਕ ਮੰਤਵ ਦੀ ਪੂਰਤੀ ਕਰ ਰਿਹਾ ਹੈ । ਕਿਉਕਿ ਸਬੰਧਤ ਅਦਾਰੇ ਵੱਲੋ ਕੁਲ ਬਕਾਇਆ ਰਕਮ ਗਮਾਡਾ ਕੋਲ ਜਮ੍ਹਾ ਕਰਵਾ ਦਿੱਤੀ ਗਈ ਹੈ, ਇਸ ਲਈ ਕਾਰਜਕਾਰੀ ਕਮੇਟੀ ਵੱਲੋ ਰਕਮ ਜਮ੍ਹਾ ਕਰਵਾਉਣ ਵਿਚ ਹੋਈ ਦੇਰੀ ਨੂੰ ਕੰਡੋਨ ਕਰਦੇ ਹੋਏ ਇਸ ਜਬਤ ਸਾਈਟ ਨੂੰ ਬਹਾਲ ਕਰਨ ਦਾ ਫੈਸਲਾ ਕੀਤਾ ਗਿਆ । ਇਹ ਵੀ ਫੈਸਲਾ ਕੀਤਾ ਗਿਆ ਕਿ ਇਹ ਕੇਸ ਹੋਰ ਕੇਸਾਂ ਲਈ ਪ੍ਰੈਸੀਡੈਂਟ ਨਹੀ ਬਣੇਗਾ ।

**ਮੱਦ ਨੰਬਰ 5.07**
**ਕੋਆਪਰੇਟਿਵ ਸੁਸਾਇਟੀਆਂ ਨੂੰ ਅਲਾਟ ਕੀਤੀ ਜਾਣ ਵਾਲੀ ਭੋਂ ਦੇ ਬੇਸਿਕ ਰੇਟ ਨਿਰਧਾਰਿਤ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਨੇ ਇਹ ਅਜੰਡਾ ਪਹਿਲਾਂ ਵਿੱਤ ਅਤੇ ਲੇਖਾ ਕਮੇਟੀ ਅੱਗੇ ਪੇਸ ਕਰਨ ਦੇ ਆਦੇਸ ਦਿੱਤੇ ।

**ਮੱਦ ਨੰਬਰ 5.08**
**ਸੈਕਟਰ 65 ਐਸ.ਏ.ਐਸ ਨਗਰ ਵਿਖੇ ਗੋਲਫ ਰੇਂਜ ਅਤੇ ਗੋਲਫ ਅਕੈਡਮੀ ਦੀ ਸਥਾਪਨਾ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਮੱਦ ਪ੍ਰਵਾਨ ਕੀਤੀ ਗਈ ।

Scanned by CamScanner

**ਮੱਦ ਨੰਬਰ 5.09**
**ਹੋਟਲ-ਕਮ-ਕਨਵੈਨਸਨ ਸੈਂਟਰ (ਐਮ -1 ਸਾਈਟ) ਇਨ ਪੀ.ਪੀ.ਪੀ. ਮੋਡ, ਸੈਕਟਰ: 62, ਮੋਹਾਲੀ ।**

ਕਾਰਜਕਾਰੀ ਕਮੇਟੀ ਵੱਲੋਂ ਪੀ ਆਈ ਡੀ ਬੀ ਵੱਲੋਂ ਕੀਤੀ ਗਈ ਕਾਰਵਾਈ ਨੂੰ ਨੋਟ ਕੀਤਾ ਗਿਆ ।

**ਮੱਦ ਨੰਬਰ 5.10**
**ਬੱਸ ਸਟੈਂਡ, ਸੈਕਟਰ: 57, ਐਸ.ਏ.ਐਸ ਨਗਰ, ਮੋਹਾਲੀ**

ਕਾਰਜਕਾਰੀ ਕਮੇਟੀ ਵੱਲੋਂ ਇਸ ਕੇਸ ਵਿਚ ਪੀ ਆਈ ਡੀ ਬੀ ਵੱਲੋਂ ਕੀਤੀ ਗਈ ਕਾਰਵਾਈ ਨੂੰ ਰੈਟੀਫਾਈ ਕੀਤਾ ਗਿਆ । ਕਾਰਜਕਾਰੀ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਕਿ ਪ੍ਰੋਜੈਕਟ ਵਿਚ ਨਿਰਧਾਰਿਤ ਸਰਤਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇ ।

**ਮੱਦ ਨੰਬਰ 5.11**
**ਉਦਯੋਗਿਕ ਖੇਤਰ, ਸੈਕਟਰ-56 ਵਿਖੇ ਐਸ.ਏ.ਐਸ.ਨਗਰ ਲਈ ਨਵੇਂ ਬੱਸ ਸਟੈਂਡ ਦੀ ਉਸਾਰੀ ਕਰਨ ਸਦਕਾ, ਪੈਟਰੋਲ ਪੰਪ, ਟਰੱਕ ਯੂਨੀਅਨ, ਧਰਮ ਕੰਡਾ ਅਤੇ ਸਿੰਗਲ ਸਟੋਰੀ ਸਾਈਟ ਨੰਬਰ 6 ਨੂੰ ਸਿਫਟ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋਂ ਇਸ ਮੱਦ ਤੇ ਵਿਸਥਾਰ ਪੂਰਵਕ ਵਿਚਾਰ-ਵਟਾਦਰਾਂ ਹੋਇਆ । ਕਾਰਜਕਾਰੀ ਕਮੇਟੀ ਵੱਲੋਂ ਨੋਟ ਕੀਤਾ ਗਿਆ ਕਿ ਨਵੇਂ ਬਸ ਸਟੈਂਡ ਦਾ ਪ੍ਰੋਜੈਕਟ ਪੀ ਆਈ ਡੀ ਬੀ ਵੱਲੋਂ ਅਵਾਰਡ ਕੀਤਾ ਜਾ ਚੁੱਕਿਆ ਹੈ ਜਿਸ ਕਰਕੇ ਸਫਲ ਬੀ ਓ ਟੀ ਉਪਰੇਟਰ ਨੂੰ ਖਾਲੀ ਜਮੀਨ ਦਾ ਕਬਜਾ ਜਲਦੀ ਦੇਣਾ ਅਤਿ ਜਰੂਰੀ ਹੈ । ਕਾਰਜਕਾਰੀ ਕਮੇਟੀ ਵੱਲੋਂ ਇਹ ਵੀ ਮਹਿਸੂਸ ਕੀਤਾ ਗਿਆ ਕਿ ਜੇਕਰ ਇਹਨਾਂ ਵਿਕੀਆਂ ਹੋਈਆਂ ਸਾਈਟਾਂ ਨੂੰ ਜਬਰੀ ਅਧਿਗ੍ਰਹਿਣ ਕੀਤਾ ਜਾਂਦਾ ਹੈ ਤਾਂ ਇਸਦੇ ਵਿਚ ਕਾਫੀ ਸਮਾਂ ਲੱਗ ਸਕਦਾ ਹੈ ਅਤੇ ਮਾਲਕਾਂ ਨੂੰ ਮਾਰਕੀਟ ਰੇਟ ਤੋਂ ਇਲਾਵਾ 30% ਸੁਲੇਸੀਅਮ ਅਤੇ ਨਿਯਮਾਂ ਅਨੁਸਾਰ ਵਾਧੂ ਕੀਮਤ ਵੀ ਦੇਣੀ ਪਵੇਗੀ । ਕਾਰਜਕਾਰੀ ਕਮੇਟੀ ਵੱਲੋਂ ਇਹ ਵੀ ਨੋਟ ਕੀਤਾ ਗਿਆ ਕਿ ਇਸ ਸਮੇਂ ਬਸ ਸਟੈਂਡ ਸਿਟੀ ਸੈਂਟਰ ਸੈਕਟਰ 62 ਵਿੱਚ ਚੱਲ ਰਿਹਾ ਹੈ ਜੋਕਿ ਬਾਅਦ ਦੇ ਵਿਚ ਪ੍ਰਸਤਾਵਿਤ ਸਾਈਟ ਤੇ ਤਬਦੀਲ ਕੀਤਾ ਜਾਵੇਗਾ । ਸਿਟੀ ਸੈਂਟਰ ਦੀ ਜਮੀਨ ਬਹੁਤ ਕੀਮਤੀ ਹੈ ਅਤੇ ਸਿਟੀ ਸੈਂਟਰ ਦੇ ਯੋਜਨਾ ਬੱਧ ਵਿਕਾਸ ਲਈ ਇਸ ਬਸ ਸਟੈਂਡ ਦਾ ਇੱਥੋਂ ਸਿਫਟ ਹੋਣਾ ਵੀ ਬਹੁਤ ਜਰੂਰੀ ਹੈ ।

ਉਪਰੋਕਤ ਤੋਂ ਮੱਦੇ ਨਜਰ ਕਾਰਜਕਾਰੀ ਕਮੇਟੀ ਨੇ ਮੱਦ ਦੇ ਪੈਰਾ 8 (ੳ) ਵਿੱਚ ਦਿੱਤੀ ਤਜਵੀਜ ਨੂੰ ਵਿਚਾਰਿਆ ਅਤੇ ਵਧੀਕ ਮੁੱਖ ਪ੍ਰਸਾਸਕ, ਗਮਾਡਾ, ਮੋਹਾਲੀ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਦੀਆਂ ਸਿਫਾਰਸਾਂ ਨੂੰ ਪ੍ਰਵਾਨ ਕਰਕੇ ਉਸ ਅਨੁਸਾਰ ਅਗਲੇਰੀ ਕਾਰਵਾਈ ਕਰਨ ਦਾ ਫੈਸਲਾ ਕੀਤਾ ।

ਵਿਚਾਰ-ਵਟਾਦਰੇ ਉਪਰੰਤ ਕਾਰਜਕਾਰੀ ਕਮੇਟੀ ਵੱਲੋਂ ਪੈਰਾ 8 (ਅ) ਅਨੁਸਾਰ ਸ੍ਰੀਮਤੀ ਬ੍ਰਿਜ ਮੋਹਿੰਦਰਾ ਅਤੇ ਇੰਡੀਅਨ ਆਇਲ ਕਾਰਪੋਰੇਸਨ ਵੱਲੋਂ ਦਿੱਤੀਆਂ ਪ੍ਰਤੀ ਬੇਨਤੀਆਂ ਰੱਦ ਕਰ ਦਿੱਤੀਆਂ ।

ਮੀਟਿੰਗ ਮਾਨਯੋਗ ਚੇਅਰਮੈਨ ਜੀ ਦੀ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ ।

ਮੁੱਖ ਸਕੱਤਰ-ਕਮ-ਚੇਅਰਮੈਨ,
ਕਾਰਜਕਾਰੀ ਕਮੇਟੀ, ਗਮਾਡਾ

Scanned by CamScanner